This question paper contains **2** printed pages]

**Roll No.** | | | | | | | | | | | |

| | | |
|---|---|---|
| S. No. of Question Paper | : | **3558** |
| Unique Paper Code | : | **12125901** **FC** |
| Name of the Paper | : | **Modern Punjabi Poetry and Functional Punjabi** |
| Name of the Course | : | **B.A. (Hons) Punjabi (GE)** |
| Semester | : | **I** |

Duration : **3 Hours** Maximum Marks : 75

*(Write your Roll No. on the top immediately on receipt of this question paper.)*

ਨੋਟ : ਪ੍ਰਸ਼ਨ ਪੱਤਰ ਦੇ ਤਿੰਨ ਭਾਗ ਹਨ। ਸਾਰੇ ਭਾਗ ਕਰਨੇ ਜ਼ਰੂਰੀ ਹਨ

**ਭਾਗ ਪਹਿਲਾ**

1. ਪ੍ਰਗਤੀਵਾਦੀ ਪੰਜਾਬੀ ਕਵਿਤਾ ਉਪਰ ਚਰਚਾ ਕਰੋ। 15

ਜਾਂ

ਆਧੁਨਿਕ ਪੰਜਾਬੀ ਕਵਿਤਾ ਦੇ ਵਿਕਾਸ ਪੜਾਵਾਂ ਉਪਰ ਰੌਸ਼ਨੀ ਪਾਉ।

2. ਕਵਿਤਾ ਕੀ ਹੁੰਦੀ ਹੈ ? ਆਧੁਨਿਕ ਪੰਜਾਬੀ ਕਾਵਿ-ਰੂਪਾਂ ਬਾਰੇ ਜਾਣਕਾਰੀ ਦਿਉ। 10

ਜਾਂ

ਪੰਜਾਬੀ ਕਵਿਤਾ ਦੀ ਰਹੱਸਵਾਦੀ ਪ੍ਰਵਿਰਤੀ ਬਾਰੇ ਨੋਟ ਲਿਖੋ।

**ਭਾਗ ਦੂਜਾ**

3. 'ਖੂਹ ਉੱਤੇ' ਕਵਿਤਾ ਦਾ ਦ੍ਰਿਸ਼ ਆਪਣੇ ਸ਼ਬਦਾਂ ਵਿਚ ਲਿਖੋ। 10

ਜਾਂ

ਹਰਿਭਜਨ ਸਿੰਘ ਦੀ ਕਵਿਤਾ 'ਹਰਨਾਖ਼ਸ਼ ਨਹੀਂ ਮਰੇ' ਦੇ ਮੂਲ ਸਰੋਕਾਰਾਂ ਨੂੰ ਆਪਣੇ ਸ਼ਬਦਾਂ ਵਿਚ ਲਿਖੋ।

4. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ : 5X2=10
   i. 'ਹੱਲ ਵਾਹੁਣ ਵਾਲੇ' ਕਵਿਤਾ ਵਿਚ ਕਵੀ ਨੇ ਪੰਜਾਬ ਦੇ ਕਿਸਾਨ ਨੂੰ ਕਿਸ ਰੂਪ ਵਿਚ ਪੇਸ਼ ਕੀਤਾ ਹੈ ?
   ii. ਕਵੀ ਮੋਹਨ ਸਿੰਘ 'ਤਾਜ ਮਹੱਲ' ਦੀ ਸੁੰਦਰਤਾ ਉੱਪਰ ਪ੍ਰਸ਼ਨ ਚਿੰਨ੍ਹ ਕਿਉਂ ਲਾਉਂਦਾ ਹੈ ?
   iii. 'ਅੰਨਦਾਤਾ' ਕਵਿਤਾ ਵਿਚ ਔਰਤ ਦੀ ਕਿਹੋ ਜਿਹੀ ਤਸਵੀਰ ਪੇਸ਼ ਹੋਈ ਹੈ ?
   iv. 'ਮੇਲੇ ਵਿਚ ਜੱਟ' ਕਵਿਤਾ ਦਾ ਦ੍ਰਿਸ਼ ਆਪਣੇ ਸ਼ਬਦਾਂ ਵਿਚ ਪੇਸ਼ ਕਰੋ।
   v. 'ਅਣਡਿੱਠਾ ਰਸ ਦਾਤਾ' ਕਵਿਤਾ ਦੇ ਭਾਵ ਉਪਰ ਸੰਖੇਪ ਟਿੱਪਣੀ ਲਿਖੋ।

5. ਹੇਠਾਂ ਲਿਖੀਆਂ ਕਾਵਿ-ਟੁਕੜੀਆਂ ਵਿਚੋਂ ਕਿਸੇ ਇਕ ਦੀ ਵਿਆਖਿਆ ਕਰੋ : 05

   ਡਾਲੀ ਨਾਲੋਂ ਤੋੜ ਨਾ ਸਾਨੂੰ  
   ਅਸਾਂ ਹੱਟ 'ਮਹਿਕ' ਦੀ ਲਾਈ।  
   ਲੱਖ ਗਾਹਕ ਜੇ ਸੁੰਘੇ ਆ ਕੇ  
   ਖਾਲੀ ਇਕ ਨ ਜਾਈ,

P.T.O.

ਤੂੰ ਜੇ ਇਕ ਤੋੜ ਕੇ ਲੈ ਗਿਓਂ
ਇਕ ਜੋਗਾ ਰਹਿ ਜਾਸਾਂ,
ਉਹ ਭੀ ਪਲਕ ਝਲਕ ਦਾ ਮੇਲਾ
ਰੂਪ ਮਹਿਕ ਨੱਸ ਜਾਈ।

ਜਾਂ

ਬੋਕਿਆਂ ਵਰਗੇ ਪੇਟ ਉਨ੍ਹਾ ਦੇ ਤੁੱਕਿਆਂ ਵਰਗੇ ਗਾਟੇ।
ਛਾਲੇ ਛਾਲੇ ਹੱਥ ਉਨ੍ਹਾਂ ਦੇ, ਪੈਰ ਬਿਆਈਆਂ ਪਾਟੇ।
ਫਿਰ ਵੀ ਕੰਮ ਕਰਾਉਣ ਵਾਲੇ, ਮਾਰ ਮਾਰ ਕੇ ਫਾਂਟਾਂ।
ਮਾਸੂਮਾਂ ਦੇ ਪਿੰਡਿਆਂ ਉੱਤੇ, ਚਾੜ੍ਹੀ ਜਾਣ ਸਲਾਟਾਂ।
ਏਦਾਂ ਮਜ਼ਦੂਰਾਂ ਦੀ ਝਾਕੀ, ਜਦ ਮੈਨੂੰ ਦਿਸ ਆਈ।
ਨਾਲ ਪੀੜ ਦੇ ਕਲਵਟ ਹੋ ਕੇ, ਰੂਹ ਮੇਰੀ ਕੁਰਲਾਈ।
ਕੀ ਉਹ ਹੁਸਨ ਹੁਸਨ ਹੈ ਸੱਚ ਮੁੱਚ ਯਾ ਉਂਜੇ ਹੀ ਛਲਦਾ,
ਲੱਖ ਗਰੀਬਾਂ ਮਜ਼ਦੂਰਾਂ ਦੇ, ਹੰਝੂਆਂ ਤੇ ਜੋ ਪਲਦਾ ?

## ਭਾਗ ਤੀਜਾ

6. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਉੱਤੇ ਲੇਖ ਲਿਖੋ : 10
   i. ਸਾਡੀ ਇਮਤਿਹਾਨ ਪ੍ਰਣਾਲੀ
   ii. ਦੇਸ਼ ਪਿਆਰ
   iii. ਸੰਸਾਰ ਅਮਨ
   iv. ਪੰਜਾਬ ਦੇ ਮੇਲੇ

7. ਛੰਦ ਬਾਰੇ ਤੁਸੀਂ ਕੀ ਜਾਣਦੇ ਹੋ? ਉਦਾਹਰਨਾਂ ਸਹਿਤ ਲਿਖੋ। 05

8. ਹੇਠ ਦਿੱਤੇ ਅਖਾਣਾਂ ਵਿਚੋਂ ਕੋਈ ਪੰਜ ਅਖਾਣਾਂ ਦੇ ਵਾਕ ਬਣਾਉ : 05
   i. ਉੱਦਮ ਅੱਗੇ ਲੱਛਮੀ ਪੱਖੇ ਅੱਗੇ ਪੌਣ
   ii. ਅੱਖੀਂ ਵੇਖ ਕੇ ਮੱਖੀ ਨਹੀਂ ਨਿਗਲੀ ਜਾਂਦੀ
   iii. ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ
   iv. ਹੱਥ ਕੰਗਣ ਨੂੰ ਆਰਸੀ ਕੀ
   v. ਕਾਹਲੀ ਅੱਗੇ ਟੋਏ
   vi. ਘਰ ਦਾ ਭੇਤੀ ਲੰਕਾ ਢਾਹੇ

9. ਹੇਠ ਲਿਖੇ ਅਗੇਤਰ ਲਗਾ ਕੇ ਦੋ ਦੋ ਸ਼ਬਦ ਬਣਾਉ : 05
   ਨਿਰ, ਦੁਰ, ਅਪ, ਪਰ, ਮਹਾਂ